OFFICE OF THE POLICE COMPLAINT COMMISSIONER

ਸ਼ਿਕਾਇਤ ਫਾਰਮ

ਅਸੀਂ ਕਿਵੇਂ ਮਦਦ ਕਰ ਸਕਦੇ ਹਾਂ

ਬ੍ਰਿਟਿਸ਼ ਕੋਲੰਬੀਆ ਆਫਿਸ ਔਫ ਦਿ ਪੁਲੀਸ ਕਮਪਲੇਂਟ ਕਮਿਸ਼ਨਰ (ਓ ਪੀ ਸੀ ਸੀ) ਇਕ ਨਿਰਪੱਖ ਏਜੰਸੀ ਹੈ – ਜੋ ਕਿ ਪੁਲੀਸ ਅਤੇ ਸਰਕਾਰ ਤੋਂ ਆਜ਼ਾਦ ਹੈ। ਅਸੀਂ ਮਿਊਨਿਸਪਲ ਪੁਲੀਸ ਬਾਰੇ ਸ਼ਿਕਾਇਤਾਂ ਲੈਂਦੇ ਹਾਂ ਅਤੇ ਉਨ੍ਹਾਂ ਦੀਆਂ ਪੜਤਾਲਾਂ ਦੀ ਨਿਗਰਾਨੀ ਕਰਦੇ ਹਾਂ। ਅਸੀਂ ਪੁਲੀਸ ਦੀਆਂ ਸ਼ਿਕਾਇਤਾਂ ਦੀ ਕਾਰਵਾਈ ਵਿਚ ਸ਼ਾਮਲ ਹਰ ਇਕ ਨੂੰ ਜਾਣਕਾਰੀ, ਸਲਾਹ ਦੇਣ ਅਤੇ ਮਦਦ ਕਰਨ ਲਈ ਮੌਜੂਦ ਹਾਂ।

*ਨੋਟ: ਅਸੀਂ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰ ਸੀ ਐੱਮ ਪੀ) ਦੇ ਵਿਰੁੱਧ ਸ਼ਿਕਾਇਤਾਂ ਲਈ ਜ਼ਿੰਮੇਵਾਰ **ਨਹੀਂ** ਹਾਂ। ਜੇ ਤੁਸੀਂ ਆਰ ਸੀ ਐੱਮ ਪੀ ਦੇ ਕਿਸੇ ਅਫਸਰ ਵਿਰੁੱਧ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹੋ ਤਾਂ ਸਿਵਲੀਅਨ ਰਿਵੀਊ ਐਂਡ ਕਮਪਲੇਂਟਸ ਕਮਿਸ਼ਨ (ਸੀ ਆਰ ਸੀ ਸੀ) ਨਾਲ ਸੰਪਰਕ ਕਰੋ।*
*ਟੋਲ ਫ੍ਰੀ: **1 (800) 665-6878** ਜਾਂ **www.crcc-ccetp.gc.ca***

ਮਦਦ ਅਤੇ ਸਹਾਇਤਾ

ਸ਼ਿਕਾਇਤ ਦੀ ਕਾਰਵਾਈ ਵਿਚ ਤੁਹਾਡੀ ਮਦਦ ਕਰਨ ਲਈ ਵੱਖ ਵੱਖ ਕਿਸਮਾਂ ਦੀਆਂ ਮਦਦਾਂ ਉਪਲਬਧ ਹਨ, ਜਿਸ ਵਿਚ ਅਨੁਵਾਦ ਅਤੇ ਦੋਭਾਸ਼ੀਏ ਦੀਆਂ ਸੇਵਾਵਾਂ ਵੀ ਸ਼ਾਮਲ ਹਨ। ਆਪਣੀਆਂ ਲੋੜਾਂ ਲਈ ਸਹੀ ਮਦਦ ਲੱਭਣ ਵਿਚ ਮਦਦ ਲਈ, ਕਿਰਪਾ ਕਰਕੇ ਸਾਡੇ ਦਫਤਰ ਨੂੰ **1 (877) 999-8707** 'ਤੇ ਫੋਨ ਕਰੋ ਅਤੇ ਆਊਟਰੀਚ ਐਂਡ ਅਕਸੈਸੇਬਿਲਟੀ ਕੋਆਰਡੀਨੇਟਰ ਨਾਲ ਗੱਲ ਕਰਨ ਲਈ ਕਹੋ।

ਆਪਣੀ ਸ਼ਿਕਾਇਤ ਕਰਨਾ

ਜਿੰਨਾ ਜ਼ਿਆਦਾ ਤੁਹਾਡਾ ਸ਼ਿਕਾਇਤ ਫਾਰਮ ਮੁਕੰਮਲ ਹੋਵੇਗਾ, ਓਨੀ ਸੌਖ ਨਾਲ ਹੀ ਇਸ 'ਤੇ ਕਾਰਵਾਈ ਹੋ ਸਕਦੀ ਹੈ।

- **ਸ਼ੁਰੂ ਕਰਨ ਤੋਂ ਪਹਿਲਾਂ** ਹੇਠਾਂ ਦਿੱਤੇ ਸ਼ਿਕਾਇਤ ਫਾਰਮ 'ਤੇ ਵਿਚਾਰ ਕਰੋ ਅਤੇ ਆਪਣੀ ਸ਼ਿਕਾਇਤ ਬਾਰੇ ਦੱਸਣ ਲਈ ਸਾਰੀ ਲੋੜੀਂਦੀ ਜਾਣਕਾਰੀ ਇਕੱਠੀ ਕਰੋ।
- **ਉਸ ਸ਼ਿਕਾਇਤ ਦੀ ਕਿਸਮ ਚੁਣੋ ਜਿਹੜੀ ਤੁਸੀਂ ਦਰਜ ਕਰਵਾ ਰਹੇ ਹੋ।**
- **ਆਪਣਾ ਸ਼ਿਕਾਇਤ ਫਾਰਮ ਭਰੋ ਅਤੇ ਦਰਜ ਕਰਵਾਉ** ਤੁਸੀਂ ਆਪਣਾ ਮੁਕੰਮਲ ਕੀਤਾ ਹੋਇਆ ਸ਼ਿਕਾਇਤ ਫਾਰਮ ਸਾਡੇ ਵੈੱਬਸਾਈਟ 'ਤੇ ਦਰਜ ਕਰਵਾ ਸਕਦੇ ਹੋ, ਈਮੇਲ, ਡਾਕ ਜਾਂ ਫੈਕਸ ਰਾਹੀਂ ਭੇਜ ਸਕਦੇ ਹੋ ਜਾਂ ਇਸ ਨੂੰ ਕਿਸੇ ਮਿਊਨਿਸਪਲ ਪੁਲੀਸ ਸਟੇਸ਼ਨ 'ਤੇ ਛੱਡ ਸਕਦੇ ਹੋ। ਤੁਸੀਂ **1-877-999-8707** 'ਤੇ ਫੋਨ ਕਰਕੇ (ਕੋਈ ਖਰਚਾ ਨਹੀਂ) ਜਾਂ ਸਾਡੇ ਦਫਤਰ ਵਿਚ ਓ ਪੀ ਸੀ ਸੀ ਦੇ ਸਟਾਫ ਨਾਲ ਗੱਲ ਕਰਕੇ ਵੀ ਸ਼ਿਕਾਇਤ ਕਰ ਸਕਦੇ ਹੋ।

The Office of the Police Complaint Commissioner
2nd Floor, 947 Fort Street, PO Box 9895 Stn Prov Govt, Victoria, BC V8W 9T8
ਟੈਲੀਫੋਨ: **(250) 356-7458** ਫੈਕਸ: **(250) 356-6503** ਈਮੇਲ: **info@opcc.bc.ca** ਵੈੱਬਸਾਈਟ: **opcc.bc.ca**

ਸ਼ਿਕਾਇਤ ਦਰਜ ਕਰਵਾਉਣਾ ਸ਼ਿਕਾਇਤ ਦੀ ਕਾਰਵਾਈ ਸ਼ੁਰੂ ਕਰ ਦੇਵੇਗਾ। ਓ ਪੀ ਸੀ ਸੀ ਸਾਰੀਆਂ ਸ਼ਿਕਾਇਤਾਂ 'ਤੇ ਵਿਚਾਰ ਕਰਦਾ ਹੈ ਅਤੇ ਜੇ ਹੋਰ ਜਾਣਕਾਰੀ ਦੀ ਲੋੜ ਹੋਵੇ ਤਾਂ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸ਼ਿਕਾਇਤ ਦੀ ਰਸਮੀ ਕਾਰਵਾਈ ਵਿਚ ਹਿੱਸਾ ਨਾ ਲੈਣਾ ਚਾਹੁੰਦੇ ਹੋਵੋ ਤਾਂ ਤੁਸੀਂ ਕੋਈ ਸਵਾਲ ਪੁੱਛਣ ਜਾਂ ਫਿਕਰ ਦੱਸਣ ਲਈ ਪੁਲੀਸ ਡਿਪਾਰਟਮੈਂਟ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ। ਪੁਲੀਸ ਡਿਪਾਰਟਮੈਂਟਾਂ ਨੂੰ ਸਵਾਲ ਜਾਂ ਫਿਕਰ ਰਿਕਾਰਡ ਕਰਨੇ ਪੈਂਦੇ ਹਨ ਅਤੇ ਓ ਪੀ ਸੀ ਸੀ ਨੂੰ ਇਹ ਦੱਸਣਾ ਪੈਂਦਾ ਹੈ ਕਿ ਉਨ੍ਹਾਂ ਦਾ ਹੱਲ ਕਿਵੇਂ ਕੀਤਾ ਗਿਆ ਸੀ। ਇਹ ਪੱਕਾ ਕਰਨ ਲਈ ਓ ਪੀ ਸੀ ਸੀ ਰਿਕਾਰਡ ਦੀ ਘੋਖ ਕਰੇਗਾ ਕਿ ਇਸ ਨੂੰ ਢੁਕਵੇਂ ਤਰੀਕੇ ਨਾਲ ਦੇਖਿਆ ਗਿਆ ਸੀ।

ਦਰਜ ਕਰਵਾਈ ਜਾਣ ਵਾਲੀ ਸ਼ਿਕਾਇਤ ਦੀ ਕਿਸਮ ਚੁਣੋ

ਪੁਲੀਸ ਬਾਰੇ ਸ਼ਿਕਾਇਤਾਂ

ਕੀ ਤੁਹਾਡੀ ਸ਼ਿਕਾਇਤ ਕਿਸੇ ਪੁਲੀਸ ਅਫਸਰ ਦੇ **ਵਿਹਾਰ** (ਵਤੀਰੇ, ਸ਼ਬਦ, ਜਾਂ ਐਕਸ਼ਨ) ਬਾਰੇ ਹੈ?
ਜੇ ਹਾਂ ਤਾਂ ਇਹ ਪੁਲੀਸ ਦੀ ਸ਼ਿਕਾਇਤ ਹੈ। ਪੁਲੀਸ ਦੀ ਹਰ ਸ਼ਿਕਾਇਤ 'ਤੇ ਓ ਪੀ ਸੀ ਸੀ ਵਲੋਂ ਇਹ ਫੈਸਲਾ ਕਰਨ ਲਈ ਕਾਰਵਾਈ ਅਤੇ ਵਿਚਾਰ ਕੀਤੀ ਜਾਂਦੀ ਹੈ ਕਿ ਇਹ ਪੜਤਾਲ ਲਈ ਜਾਵੇਗੀ। ਤੁਹਾਨੂੰ ਓ ਪੀ ਸੀ ਸੀ ਦੇ ਫੈਸਲੇ ਬਾਰੇ ਦੱਸਣ ਲਈ ਇਕ ਚਿੱਠੀ ਮਿਲੇਗੀ। ਜੇ ਤੁਹਾਡੀ ਸ਼ਿਕਾਇਤ ਪੜਤਾਲ ਲਈ ਜਾਂਦੀ ਹੈ ਤਾਂ ਤੁਹਾਡੇ ਖਾਸ ਹੱਕ ਹੋਣਗੇ।

ਬੀ ਸੀ ਪੁਲੀਸ ਐਕਟ ਹੇਠ ਤੁਹਾਡੇ ਹੱਕਾਂ ਵਿਚ ਸ਼ਾਮਲ ਹਨ:

- ਸ਼ਿਕਾਇਤ ਦਾ ਹੱਲ ਕਰਨ ਦੀ ਕਾਰਵਾਈ ਜਾਂ ਮੀਡੀਏਸ਼ਨ ਵਿਚ ਹਿੱਸਾ ਲੈਣਾ।
- ਆਪਣੀ ਸ਼ਿਕਾਇਤ ਦੀ ਪੜਤਾਲ ਦੀ ਤਰੱਕੀ ਬਾਰੇ ਜਾਣਕਾਰੀ ਮਿਲਦੇ ਰਹਿਣਾ।
- ਫਾਈਨਲ ਰਿਪੋਰਟ ਮਿਲਣਾ।
- ਇਸ ਚੀਜ਼ ਬਾਰੇ ਆਪਣੇ ਵਿਚਾਰ ਦੇਣਾ ਕਿ ਤੁਹਾਡੇ ਖਿਆਲ ਮੁਤਾਬਕ ਅਫਸਰ 'ਤੇ ਕਿਹੜੀ ਅਨੁਸਾਸ਼ਨੀ ਕਾਰਵਾਈ ਹੋਣੀ ਚਾਹੀਦੀ ਹੈ ਜਾਂ ਉਸ ਨੂੰ ਕਿਹੜਾ ਦੰਡ ਮਿਲਣਾ ਚਾਹੀਦਾ ਹੈ।
- ਜੇ ਤੁਸੀਂ ਨਤੀਜਿਆਂ ਨਾਲ ਸੰਤੁਸ਼ਟ ਨਾ ਹੋਵੋ ਤਾਂ ਫੈਸਲੇ 'ਤੇ ਮੁੜ ਵਿਚਾਰ ਕੀਤੇ ਜਾਣ ਲਈ ਬੇਨਤੀ ਕਰਨਾ।

ਸਰਵਿਸ ਜਾਂ ਪੌਲਸੀ ਬਾਰੇ ਸ਼ਿਕਾਇਤਾਂ

ਕੀ ਤੁਹਾਡੀ ਸ਼ਿਕਾਇਤ ਕਿਸੇ ਪੁਲੀਸ ਡਿਪਾਰਟਮੈਂਟ ਦੀਆਂ **ਸੇਵਾਵਾਂ ਜਾਂ ਪੌਲਸੀਆਂ** ਬਾਰੇ ਹੈ?
ਜੇ ਹਾਂ ਤਾਂ ਇਹ ਸਰਵਿਸ ਜਾਂ ਪੌਲਸੀ ਬਾਰੇ ਸ਼ਿਕਾਇਤ ਹੈ। ਇਨ੍ਹਾਂ ਸ਼ਿਕਾਇਤਾਂ 'ਤੇ ਵਿਚਾਰ ਮਿਉਨਿਸਪਲ ਪੁਲੀਸ ਡਿਪਾਰਟਮੈਂਟ ਦੇ ਪੁਲੀਸ ਬੋਰਡ ਵਲੋਂ ਕੀਤੀ ਜਾਂਦੀ ਹੈ। ਕਿਸੇ ਸਰਵਿਸ ਜਾਂ ਪੌਲਸੀ ਬਾਰੇ ਸ਼ਿਕਾਇਤ ਦੇ ਨਤੀਜੇ ਵਜੋਂ ਪੁਲੀਸ ਕਮਪਲੇਂਟ ਕਮਿਸ਼ਨਰ, ਪੁਲੀਸ ਬੋਰਡ ਜਾਂ ਪੁਲੀਸ ਸਰਵਿਸਿਜ਼ ਦੇ ਡਾਇਰੈਕਟਰ ਨੂੰ ਸ਼ਿਫਾਰਸ਼ਾਂ ਕਰ ਸਕਦਾ ਹੈ।

ਸਰਵਿਸ ਜਾਂ ਪੌਲਸੀ ਬਾਰੇ ਸ਼ਿਕਾਇਤਾਂ ਵਿਚ ਪੁਲੀਸ ਦੇ ਕਿਸੇ ਡਿਪਾਰਟਮੈਂਟ ਬਾਰੇ ਸਰੋਕਾਰ ਸ਼ਾਮਲ ਹੋ ਸਕਦੇ ਹਨ:

- ਪੌਲਸੀਆਂ (ਉਹ ਨਿਯਮ ਅਤੇ ਮਿਆਰ ਜਿਹੜੇ ਇਹ ਸੇਧ ਦਿੰਦੇ ਹਨ ਕਿ ਪੁਲੀਸ ਆਪਣੀ ਸਰਵਿਸ ਕਿਵੇਂ ਦਿੰਦੀ ਹੈ)।
- ਖਾਸ ਖੇਤਰਾਂ ਵਿਚ ਟਰੇਨਿੰਗ।
- ਸੇਵਾਵਾਂ (ਮਦਦ ਲਈ ਬੇਨਤੀਆਂ ਬਾਰੇ ਪੁਲੀਸ ਦਾ ਹੁੰਗਾਰਾ ਕਿੰਨਾ ਅਸਰਦਾਰ ਜਾਂ ਸਮਰੱਥ ਹੈ)।

ਦਰਜ ਕਰਵਾਈ ਜਾਣ ਵਾਲੀ ਸ਼ਿਕਾਇਤ ਦੀ ਕਿਸਮ ਚੁਣੋ

ਪੁਲੀਸ ਬਾਰੇ ਸ਼ਿਕਾਇਤ ਸਰਵਿਸ ਜਾਂ ਪੌਲਸੀ ਪਤਾ ਨਹੀਂ

ਤੁਹਾਡੇ ਨਾਲ ਸੰਪਰਕ ਦੇ ਵੇਰਵੇ

ਕਿਰਪਾ ਕਰਕੇ ਹੇਠਾਂ ਸੰਪਰਕ ਦੇ ਵੇਰਵੇ ਦਿਉ ਤਾਂ ਜੋ ਅਸੀਂ ਤੁਹਾਡੇ ਤੱਕ ਪਹੁੰਚ ਕਰ ਸਕੀਏ। ਤੁਹਾਡਾ ਈਮੇਲ ਐਡਰੈਸ ਅਤੇ ਫੋਨ ਨੰਬਰ ਤੁਹਾਡੇ ਨਾਲ ਸਿੱਧਾ ਸੰਪਰਕ ਕਰਨ ਵਿਚ ਸਾਡੀ ਮਦਦ ਕਰਨਗੇ।
ਜਦੋਂ ਤੁਸੀਂ ਤਾਰੇ ਦਾ ਨਿਸ਼ਾਨ ਦੇਖਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਜਾਣਕਾਰੀ ਜ਼ਰੂਰੀ ਹੈ ਤਾਂ ਜੋ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਹੋ ਸਕੇ।

ਟਾਈਟਲ (ਮਿਜ਼, ਮਿਕਸ, ਮਿਸਟਰ):_____

*ਪਹਿਲਾ ਨਾਂ:_____ *ਗੋਤ:_____

ਚਿੱਠੀ ਪੱਤਰ ਲਈ ਐਡਰੈਸ:_____

ਸਿਟੀ/ਟਾਊਨ:_____ ਸੂਬਾ:_____ ਪੋਸਟਲ ਕੋਡ:_____

*ਈਮੇਲ ਐਡਰੈਸ:_____

ਸੰਪਰਕ ਫੋਨ ਨੰਬਰ:_____ ਬਦਲਵਾਂ ਫੋਨ ਨੰਬਰ:_____

*ਜਨਮ ਦੀ ਤਾਰੀਕ:_____
ਦਿਨ/ਮਹੀਨਾ/ਸਾਲ

ਜੇ ਤੁਸੀਂ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਸੀਂ ਆਪਣੇ ਆਪ ਨੂੰ ਕਿਵੇਂ ਸੱਦੇ ਜਾਣਾ ਚਾਹੋਗੇ (ਸ਼ੀ/ਹਰ, ਦੇ/ਦੈਮ, ਹੀ/ਹਿਮ):_____

ਜੇ ਤੁਹਾਨੂੰ ਕੋਈ ਡਿਸਏਬਿਲਟੀ ਹੈ ਤਾਂ ਸਹੂਲਤਾਂ ਉਪਲਬਧ ਹਨ। ਕਿਰਪਾ ਕਰਕੇ ਦੱਸੋ ਕਿ ਅਸੀਂ ਤੁਹਾਡੀਆਂ ਲੋੜਾਂ ਕਿਵੇਂ ਪੂਰੀਆਂ ਕਰ ਸਕਦੇ ਹਾਂ:

ਓਪਸ਼ਨਲ: ਅੰਕੜਿਆਂ (ਪਿਛੋਕੜ) ਬਾਰੇ ਜਾਣਕਾਰੀ

ਆਪਣੇ ਲਿੰਗ (ਜੈਂਡਰ) ਅਤੇ ਨਸਲੀ ਜਾਂ ਸਭਿਆਚਾਰਕ ਪਿਛੋਕੜ ਬਾਰੇ ਸਵਾਲਾਂ ਦੇ ਜਵਾਬ ਦੇਣਾ **ਤੁਹਾਡੀ ਚੋਣ** ਹੈ। ਜੇ ਤੁਸੀਂ ਸਵਾਲਾਂ ਦੇ ਜਵਾਬ ਨਾ ਦੇਣ ਦੀ ਚੋਣ ਕਰਦੇ ਹੋ ਤਾਂ ਇਸ ਦਾ ਸਾਡੇ ਵਲੋਂ ਦਿੱਤੀ ਜਾਣ ਵਾਲੀ ਕਿਸੇ ਵੀ ਸਰਵਿਸ ਜਾਂ ਕੀਤੇ ਜਾਣ ਵਾਲੇ ਫੈਸਲੇ 'ਤੇ ਕੋਈ ਅਸਰ ਨਹੀਂ ਪਵੇਗਾ।

ਆਪਣੀਆਂ ਸੇਵਾਵਾਂ ਦੇਣ ਲਈ ਸਾਨੂੰ ਇਹ ਜਾਣਕਾਰੀ ਬਹੁਤ ਮਦਦ ਕਰਨ ਵਾਲੀ ਲੱਗਦੀ ਹੈ। ਅਸੀਂ ਸ਼ਿਕਾਇਤਾਂ ਦਰਜ ਕਰਵਾਉਣ ਵਾਲੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਦੇ ਹਾਂ ਅਤੇ ਇਹ ਯਕੀਨੀ ਬਣਾਉਣ ਲਈ ਇਸ 'ਤੇ ਵਿਚਾਰ ਕਰਦੇ ਹਾਂ ਕਿ ਅਸੀਂ ਉਨ੍ਹਾਂ ਗਰੁੱਪਾਂ ਅਤੇ ਵਿਅਕਤੀਆਂ ਦੀਆਂ ਲੋੜਾਂ ਪੂਰੀਆਂ ਕਰ ਰਹੇ ਹਾਂ ਜਿਨ੍ਹਾਂ ਦੀ ਸ਼ਿਕਾਇਤਾਂ ਦੀ ਕਾਰਵਾਈ ਵਿਚ ਚੰਗੀ ਨੁਮਾਇੰਦਗੀ ਨਹੀਂ ਹੋ ਸਕਦੀ ਹੈ। ਇਹ ਨਿੱਜੀ ਜਾਣਕਾਰੀ **ਗੁਪਤ** ਰੱਖੀ ਜਾਵੇਗੀ ਅਤੇ ਪੁਲੀਸ ਡਿਪਾਰਟਮੈਂਟਾਂ ਜਾਂ ਪੁਲੀਸ ਬੋਰਡਾਂ ਨਾਲ ਸਾਂਝੀ ਨਹੀਂ ਕੀਤੀ ਜਾਵੇਗੀ।

ਸਾਡੇ ਲਈ ਇਕੱਠੀ ਕੀਤੀ ਗਈ ਜਾਣਕਾਰੀ ਬਾਰੇ ਲੋਕਾਂ ਨੂੰ ਰਿਪੋਰਟ ਦੇਣਾ ਜ਼ਰੂਰੀ ਹੈ, ਪਰ ਇਹ ਇਕੱਠੀ ਕਰਕੇ ਗਰੁੱਪ ਵਿਚ ਦਿੱਤੀ ਜਾਂਦੀ ਹੈ ਤਾਂ ਜੋ ਕਿਸੇ ਵੀ ਵਿਅਕਤੀ ਦੀ ਪਛਾਣ ਨਾ ਹੋ ਸਕੇ। ਇਸ ਵਿਚ ਅੰਕੜਿਆਂ ਦੀ ਜਾਣਕਾਰੀ ਸ਼ਾਮਲ ਹੈ ਜਿਵੇਂ ਕਿ ਉਮਰ, ਲਿੰਗ, ਅਤੇ ਨਸਲ (*ਬੀ ਸੀ ਪੁਲੀਸ ਐਕਟ* (2010) ਦੇ ਸੈਕਸ਼ਨ 177(2)(ਈ)(ਆਈ) ਦੀ ਪਾਲਣਾ ਕਰਦੇ ਹੋਏ)। ਇਨ੍ਹਾਂ ਰਿਪੋਰਟਾਂ ਵਿਚ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਹੋਵੇਗੀ ਜਿਹੜੀ ਤੁਹਾਡੀ ਪਛਾਣ ਕਰ ਸਕੇ। ਜੇ ਤੁਹਾਡੇ ਮਨ ਵਿਚ ਇਸ ਚੀਜ਼ ਬਾਰੇ ਸਵਾਲ ਹੋਣ ਕਿ ਅਸੀਂ ਅੰਕੜਿਆਂ ਦੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ ਤਾਂ ਕਿਰਪਾ ਕਰਕੇ ਸਾਡੇ ਨਾਲ **info@opcc.bc.ca** 'ਤੇ ਸੰਪਰਕ ਕਰੋ।

ਲਿੰਗ: (ਕਿਰਪਾ ਕਰਕੇ ਆਪਣਾ ਲਿੰਗ ਦੱਸੋ) _____

ਨਸਲੀ ਪਿਛੋਕੜ: ਕਿਰਪਾ ਕਰਕੇ ਇਹ ਨੋਟ ਕਰੋ ਕਿ ਹੇਠਾਂ ਦਿੱਤੀਆਂ ਉਦਾਹਰਣਾਂ ਅਤੇ ਵੰਨਗੀਆਂ ਸਾਰੇ ਨਸਲੀ ਪਿਛੋਕੜਾਂ ਦੀ ਪੂਰੀ ਲਿਸਟ ਨਹੀਂ ਹਨ।

ਉਨ੍ਹਾਂ ਸਾਰੇ ਖਾਨਿਆਂ 'ਤੇ ਨਿਸ਼ਾਨੀ ਲਾਉ ਜਿਹੜੇ ਤੁਹਾਡੇ ਖਿਆਲ ਮੁਤਾਬਕ ਤੁਹਾਡੇ ਨਸਲੀ ਪਿਛੋਕੜ ਨੂੰ ਬਿਹਤਰ ਬਿਆਨ ਕਰਦੇ ਹਨ।

- ☐ **ਬਲੈਕ** – ਅਫਰੀਕਨ, ਐਫਰੋ-ਕੈਰੇਬੀਅਨ, ਅਫਰੀਕਨ ਕੈਨੇਡੀਅਨ ਨਸਲ
- ☐ **ਆਦਿਵਾਸੀ** – ਫਸਟ ਨੇਸ਼ਨਜ਼, ਇਨੂਇਟ, ਇਨੂਕ, ਮੇਟੀ ਨਸਲ
- ☐ **ਲਾਤੀਨੋ** – ਲਾਤੀਨੀ ਅਮਰੀਕਨ ਜਾਂ ਹਿਸਪੈਨਿਕ ਨਸਲ
- ☐ **ਏਸ਼ੀਅਨ** – ਚੀਨੀ, ਕੋਰੀਅਨ, ਜਪਾਨੀ, ਫਿਲੀਪੀਨੋ, ਵੀਅਤਨਾਮੀ, ਹੋਰ ਸਾਊਥਈਸਟ ਏਸ਼ੀਅਨ ਨਸਲ
- ☐ **ਮਿਡਲ ਈਸਟਰਨ** – ਅਰਬ, ਅਫਗਾਨੀ, ਟਰਕਿਸ਼, ਪਰਸ਼ੀਅਨ, ਵੈੱਸਟ ਏਸ਼ੀਅਨ ਨਸਲ
- ☐ **ਸਾਊਥ ਏਸ਼ੀਅਨ** – ਇੰਡੀਅਨ ਉੱਪ ਮਹਾਂਦੀਪੀ ਨਸਲ, ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ, ਸ੍ਰੀ ਲੰਕਨ, ਇੰਡੋ-ਕੈਰੇਬੀਅਨ ਨਸਲ
- ☐ **ਵਾਈਟ** – ਯੂਰਪੀਅਨ ਨਸਲ
- ☐ **ਹੋਰ ਨਸਲੀ ਗਰੁੱਪ** – ਕਿਰਪਾ ਕਰਕੇ ਦੱਸੋ:_____

ਸ਼ਿਕਾਇਤ ਬਾਰੇ ਜਾਣਕਾਰੀ

ਕਿਰਪਾ ਕਰਕੇ ਵੱਧ ਤੋਂ ਵੱਧ ਜਾਣਕਾਰੀ ਭਰੋ। ਜਿਵੇਂ ਲੋੜ ਹੋਵੇ ਹੋਰ ਡਾਕੂਮੈਂਟ ਜਾਂ ਪੇਜ ਅਟੈਚ ਕਰੋ।

*ਘਟਨਾ ਕਦੋਂ ਵਾਪਰੀ ਸੀ? (ਉਦਾਹਰਣ: 2 ਜੁਲਾਈ, 2019 ਲਈ 02/07/2019) _____ ਇਹ ਕਿੰਨੇ ਵਜੇ ਵਾਪਰੀ ਸੀ?_____
ਦਿਨ/ਮਹੀਨਾ/ਸਾਲ

ਘਟਨਾ ਕਿੱਥੇ ਵਾਪਰੀ ਸੀ? ਕਿਰਪਾ ਕਰਕੇ ਥਾਂ ਦੇ ਵੇਰਵੇ ਦਿਉ, ਜੇ ਪਤਾ ਹੋਵੇ:_____

_____

*ਸ਼ਾਮਲ ਪੁਲੀਸ ਡਿਪਾਰਟਮੈਂਟ ਦਾ ਨਾਂ:ਡਿਪਾਰਟਮੈਂਟ ਚੁਣੋ_____

ਅਫਸਰ ਦਾ (ਅਫਸਰਾਂ ਦੇ) ਨਾਂ ਜਾਂ ਬੈਜ ਨੰਬਰ, ਜੇ ਪਤਾ ਹੋਵੇ:_____

ਪੁਲੀਸ ਦਾ ਫਾਇਲ ਨੰਬਰ, ਜੇ ਪਤਾ ਹੋਵੇ:_____

ਕੀ ਕੋਈ ਗਵਾਹ ਹਨ? ਜੇ ਹਨ ਤਾਂ ਕਿਰਪਾ ਕਰਕੇ ਉਨ੍ਹਾਂ ਦੇ ਨਾਂ ਅਤੇ ਸੰਪਰਕ ਦੀ ਜਾਣਕਾਰੀ ਲਿਖੋ (ਜੇ ਪਤਾ ਹੋਵੇ):

_____

ਆਪਣੀਆਂ ਸੱਟਾਂ ਬਾਰੇ ਦੱਸੋ (ਜੇ ਕੋਈ ਹੋਣ):_____

ਜੇ ਤੁਸੀਂ ਆਪਣੀਆਂ ਸੱਟਾਂ ਲਈ ਇਲਾਜ ਕਰਵਾਇਆ ਹੈ ਤਾਂ ਕਿਰਪਾ ਕਰਕੇ ਇਹ ਦੱਸੋ ਕਿ ਤੁਸੀਂ ਇਹ ਕਦੋਂ ਅਤੇ ਕਿੱਥੇ ਕਰਵਾਇਆ ਸੀ:

ਕਦੋਂ:_____ ਕਿੱਥੇ:_____
ਦਿਨ/ਮਹੀਨਾ/ਸਾਲ

ਸ਼ਿਕਾਇਤ ਦਾ ਵੇਰਵਾ

ਵਿਸਥਾਰ ਵਿਚ ਇਹ ਵਰਣਨ ਕਰੋ ਕਿ ਤੁਹਾਡਾ ਸ਼ਿਕਾਇਤ ਕਰਨ ਦਾ ਖਾਸ ਕਾਰਨ ਕੀ ਹੈ। ਹੇਠਾਂ ਦਿੱਤੀ ਥਾਂ ਵਰਤੋ ਅਤੇ ਜੇ ਲੋੜ ਹੋਵੇ ਤਾਂ ਹੋਰ ਪੇਜ ਅਟੈਚ ਕਰੋ। ਇਹ ਦੱਸਣ ਬਾਰੇ ਵਿਚਾਰ ਕਰੋ:

- ਅਫਸਰ (ਅਫਸਰਾਂ) ਨੇ ਕੀ ਕਿਹਾ, ਕੀਤਾ, ਜਾਂ ਕੀ ਨਹੀਂ ਕੀਤਾ।
- ਤੁਹਾਡੇ ਖਿਆਲ ਮੁਤਾਬਕ ਅਫਸਰ (ਅਫਸਰਾਂ) ਨੂੰ ਕੀ ਕਰਨਾ ਜਾਂ ਕਹਿਣਾ ਚਾਹੀਦਾ ਸੀ।
- ਅਫਸਰ (ਅਫਸਰਾਂ) ਨੇ ਜੋ ਕੀਤਾ ਜਾਂ ਨਹੀਂ ਕੀਤਾ, ਉਸ ਦੇ ਨਤੀਜੇ ਵਜੋਂ ਲੱਗੀ ਕੋਈ ਸੱਟ ਜਾਂ ਹੋਇਆ ਨੁਕਸਾਨ।
- ਘਟਨਾ (ਘਟਨਾਵਾਂ) ਦੇ ਤੁਹਾਡੇ ਕੋਲ ਸਬੂਤ, ਜਿਵੇਂ ਕਿ ਫੋਟੋਆਂ, ਆਡਿਓ, ਵੀਡਿਓ, ਜਾਂ ਮੈਡੀਕਲ ਰਿਕਾਰਡ।
- ਪੁਲੀਸ ਡਿਪਾਰਟਮੈਂਟ ਦੀ ਪੌਲਸੀ ਜਿਸ ਬਾਰੇ ਤੁਹਾਡੇ ਸਰੋਕਾਰ ਹੋ ਸਕਦੇ ਹਨ।

ਜੇ ਇਹ ਕਿਸੇ ਹੋਰ ਨਾਲ ਹੋਇਆ ਹੈ ਅਤੇ ਤੁਸੀਂ ਘਟਨਾ ਦੇ ਗਵਾਹ ਹੋ ਤਾਂ ਉਸ ਵਿਅਕਤੀ ਦਾ ਨਾਂ ਅਤੇ ਸੰਪਰਕ ਦੀ ਜਾਣਕਾਰੀ ਲਿਖੋ ਜਿਸ ਨਾਲ ਇਹ ਹੋਇਆ ਹੈ (ਜੇ ਪਤਾ ਹੈ)।

ਸ਼ਿਕਾਇਤ ਦੇ ਵੇਰਵੇ

ਸ਼ਿਕਾਇਤ ਦਾ ਹੱਲ

ਤੁਹਾਡੇ ਕੋਲ ਪੁਲੀਸ ਡਿਪਾਰਟਮੈਂਟ ਨਾਲ ਕੰਮ ਕਰਨ ਅਤੇ ਕਮਪਲੇਂਟ ਰੈਜ਼ੋਲੂਸ਼ਨ ਨਾਂ ਦੇ ਇਕ ਬਦਲਵੇਂ ਡਿਸਪਿਊਟ ਰੈਜ਼ੋਲੂਸਨ ਰਾਹੀਂ ਰਲ ਕੇ ਸ਼ਿਕਾਇਤ ਦਾ ਹੱਲ ਕਰਨ ਦਾ ਮੌਕਾ ਹੋ ਸਕਦਾ ਹੈ। ਕਮਪਲੇਂਟ ਰੈਜ਼ੋਲੂਸ਼ਨ ਦਫਤਰੀ ਪੜਤਾਲ ਤੋਂ ਵੱਖਰਾ ਹੈ। ਇਸ ਦਾ ਮੁੱਖ ਟੀਚਾ ਤੁਹਾਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦੇਣਾ ਅਤੇ ਘਟਨਾ ਬਾਰੇ ਅਫਸਰ ਦੇ ਵਿਚਾਰ ਸੁਣਨਾ ਹੈ। ਕਮਪਲੇਂਟ ਰੈਜ਼ੋਲੂਸ਼ਨ ਵਿਚ ਹਿੱਸਾ ਲੈਣ ਲਈ ਤੁਹਾਡੇ ਲਈ ਅਫਸਰ ਨੂੰ ਮਿਲਣਾ ਜ਼ਰੂਰੀ ਨਹੀਂ ਹੈ। ਜੇ ਇਹ ਤਰੀਕਾ ਕਾਮਯਾਬ ਹੋ ਜਾਂਦਾ ਹੈ ਤਾਂ ਤੁਹਾਡੇ ਅਤੇ ਅਫਸਰ ਵਿਚਕਾਰ ਹੱਲ ਦਾ ਰਸਮੀ ਐਗਰੀਮੈਂਟ ਤਿਆਰ ਕੀਤਾ ਜਾਂਦਾ ਹੈ ਜੋ ਕਿ ਗੁਪਤ ਰੱਖਿਆ ਜਾਂਦਾ ਹੈ।

ਕੀ ਤੁਸੀਂ ਕਮਪਲੇਂਟ ਰੈਜ਼ੋਲੂਸ਼ਨ ਵਿਚ ਹਿੱਸਾ ਲੈਣ ਵਿਚ ਦਿਲਚਸਪੀ ਰੱਖਦੇ ਹੋ?

ਹਾਂ ☐ **ਨਹੀਂ** ☐

ਮੇਰਾ ਬਿਆਨ

ਮੈਂ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਇਹ ਜਾਣਕਾਰੀ ਮੇਰੇ ਸਭ ਤੋਂ ਬਿਹਤਰ ਗਿਆਨ ਮੁਤਾਬਕ ਸਹੀ ਹੈ। ਮੈਂ ਇਹ ਸਮਝਦਾ/ਸਮਝਦੀ ਹਾਂ ਕਿ:

- ਇਸ ਸ਼ਿਕਾਇਤ ਦੀ ਪੜਤਾਲ ਉਸ ਡਿਪਾਰਟਮੈਂਟ ਦੇ ਪ੍ਰੋਫੈਸ਼ਨਲ ਸਟੈਂਡਰਡਜ਼ ਯੂਨਿਟ ਵਲੋਂ ਕੀਤੀ ਜਾ ਸਕਦੀ ਹੈ ਜਿਸ ਬਾਰੇ ਮੈਂ ਸ਼ਿਕਾਇਤ ਕਰ ਰਿਹਾ/ਰਹੀ ਹਾਂ ਅਤੇ ਇਸ ਦੀ ਨਿਗਰਾਨੀ ਓ ਪੀ ਸੀ ਸੀ ਵਲੋਂ ਕੀਤੀ ਜਾਵੇਗੀ।
- ਇਹ ਸ਼ਿਕਾਇਤ ਉਨ੍ਹਾਂ ਦੇ ਪ੍ਰੋਫੈਸ਼ਨਲ ਸਟੈਂਡਰਡਜ਼ ਯੂਨਿਟ ਜਾਂ ਪੁਲੀਸ ਬੋਰਡ ਤੋਂ ਕਿਸੇ ਵਲੋਂ ਉਸ ਡਿਪਾਰਟਮੈਂਟ ਦੇ ਚੀਫ ਕਾਂਸਟੇਬਲ ਨੂੰ ਦਿੱਤੀ ਜਾਵੇਗੀ ਜਿਸ ਬਾਰੇ ਮੈਂ ਸ਼ਿਕਾਇਤ ਕਰ ਰਿਹਾ/ਰਹੀ ਹਾਂ।
- ਕੋਈ ਪ੍ਰੋਫੈਸ਼ਨਲ ਸਟੈਂਡਰਡਜ਼ ਇਨਵੈਸਟੀਗੇਟਰ ਜਾਂ ਓ ਪੀ ਸੀ ਸੀ ਦਾ ਪੜਤਾਲ ਕਰਨ ਵਾਲਾ ਕੋਈ ਐਨਾਲਿਸਟ ਹੋਰ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰ ਸਕਦਾ ਹੈ ਅਤੇ ਮੈਨੂੰ ਪੜਤਾਲ ਵਿਚ ਸ਼ਾਮਲ ਹੋਣ ਲਈ ਕਹਿ ਸਕਦਾ ਹੈ, ਜਿਸ ਵਿਚ ਵਾਧੂ ਬਿਆਨ ਦੇਣ ਲਈ ਕਹਿਣਾ ਵੀ ਸ਼ਾਮਲ ਹੈ।

_____ _____

*ਕਿਰਪਾ ਕਰਕੇ ਇੱਥੇ ਆਪਣੇ ਪਹਿਲੇ ਨਾਂ ਅਤੇ ਗੋਤ ਦੇ ਦਸਖਤ ਕਰੋ *ਦਸਖਤ ਕਰਨ ਦੀ ਤਾਰੀਕ

ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ

ਇਸ ਸ਼ਿਕਾਇਤ ਫਾਰਮ ਉੱਪਰ ਜਿਹੜੀ ਨਿੱਜੀ ਜਾਣਕਾਰੀ ਤੁਸੀਂ ਦਿੱਤੀ ਹੈ ਉਹ ਓ ਪੀ ਸੀ ਸੀ ਵਲੋਂ *ਪੁਲੀਸ ਐਕਟ* ਹੇਠ ਅਤੇ *ਬੀ ਸੀ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ* (ਐੱਫ ਓ ਆਈ ਪੀ ਪੀ ਏ) ਮੁਤਾਬਕ ਇਕੱਠੀ ਕੀਤੀ ਗਈ ਹੈ। ਇਸ ਜਾਣਕਾਰੀ ਦੀ ਵਰਤੋਂ ਤੁਹਾਡੀ ਸ਼ਿਕਾਇਤ ਦੀ ਪੜਤਾਲ ਕਰਨ ਲਈ ਕੀਤੀ ਜਾਵੇਗੀ।

ਪ੍ਰਾਈਵੇਸੀ ਦੀ ਰੱਖਿਆ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਔਫਿਸ ਔਫ ਦਿ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਫਾਰ ਬੀ ਸੀ ਨਾਲ **(250) 387-5629, info@oipc.bc.ca, 'ਤੇ ਸੰਪਰਕ ਕਰੋ ਜਾਂ www.oipc.bc.ca 'ਤੇ ਜਾਉ।**

ਸਟਾਫ ਦੇ ਭਰਨ ਲਈ (For Staff to Complete)

Receipt of a Complaint Form. To be completed by the person receiving this complaint:

I _____ from (agency) _____

acknowledge receiving this complaint on _____ Date/ _____ Month/ _____ Year at/ _____ am/pm

If you recorded the complaint, did the originator confirm their complaint's contents when it was read back to them?

☐ Yes. If not, what was done?_____

Was a copy of the complaint receipt given to originator? ☐ Yes

Forwarded to OPCC? Yes ☐ on _____ Date/ _____ Month/ _____ Year

This Complaint form and additional information provided by the complainant is to be sent to the OPCC for processing within the next business day of its receipt.